ਮਿੱਠੇ ਬੱਚੇ:- "ਮਿੱਠੇ ਬੱਚੇ - ਆਤਮ - ਅਭਿਮਾਨੀ ਬਣਨ ਦੀ ਪ੍ਰੈਕਟਿਸ ਕਰੋ ਤਾਂ ਵਿਕਾਰੀ ਖਿਆਲਾਤ ਉੱਡ ਜਾਣਗੇ, ਬਾਪ ਦੀ ਯਾਦ ਰਹੇਗੀ, ਆਤਮਾ ਸਤੋਪ੍ਰਧਾਨ ਬਣ ਜਾਵੇਗੀ।"

ਪ੍ਰਸ਼ਨ:- ਮਨੁੱਖਾਂ ਨੂੰ ਦੁਨੀਆਂ ਵਿੱਚ ਕਿਸ ਰਸਤੇ ਦਾ ਬਿਲਕੁੱਲ ਵੀ ਪਤਾ ਨਹੀਂ ਹੈ?

ਉੱਤਰ:- ਬਾਪ ਨਾਲ ਮਿਲਣ ਦਾ ਅਤੇ ਜੀਵਨਮੁਕਤੀ ਨੂੰ ਪ੍ਰਾਪਤ ਕਰਨ ਦੇ ਰਸਤੇ ਦਾ ਕਿਸੇ ਨੂੰ ਪਤਾ ਨਹੀਂ ਹੈ। ਸਿਰਫ ਸ਼ਾਂਤੀ, ਸ਼ਾਂਤੀ ਕਰਦੇ ਰਹਿੰਦੇ ਹਨ। ਕਾਂਨਫਰੇਂਸ ਕਰਦੇ ਰਹਿੰਦੇ ਹਨ। ਜਾਣਦੇ ਨਹੀਂ ਕਿ ਵਿਸ਼ਵ ਵਿੱਚ ਸ਼ਾਂਤੀ ਕਦੋਂ ਸੀ ਅਤੇ ਕਿਵੇਂ ਹੋਈ। ਤੁਸੀਂ ਪੁੱਛ ਸਕਦੇ ਹੋ ਕਿ ਤੁਸੀਂ ਵਿਸ਼ਵ ਵਿੱਚ ਸ਼ਾਂਤੀ ਦੇਖੀ ਹੈ? ਸ਼ਾਂਤੀ ਕਿਵੇਂ ਹੁੰਦੀ ਹੈ? ਵਿਸ਼ਵ ਵਿੱਚ ਸ਼ਾਂਤੀ ਤਾਂ ਬਾਪ ਦਵਾਰਾ ਸਥਾਪਨ ਹੋ ਰਹੀ ਹੈ। ਤੁਸੀਂ ਆਕੇ ਸਮਝੋ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਸਮਝਾਉਂਦੇ ਹਨ। ਪਹਿਲਾਂ-ਪਹਿਲਾਂ ਤਾਂ ਇਹ ਦ੍ਰਿਸ਼ਟੀ ਪੱਕੀ ਕਰੋ ਕਿ ਅਸੀਂ ਆਤਮਾ ਹਾਂ। ਅਸੀਂ ਭਾਈ-ਭਾਈ ਨੂੰ ਦੇਖਦੇ ਹਾਂ। ਜਿਵੇਂ ਬਾਪ ਕਹਿੰਦੇ ਹਨ ਮੈਂ ਆਤਮਾਵਾਂ(ਬੱਚਿਆਂ) ਨੂੰ ਦੇਖਦਾ ਹਾਂ। ਆਤਮਾ ਹੀ ਸ਼ਰੀਰ ਦੀਆਂ ਕਰਮਿੰਦਰੀਆਂ ਦਵਾਰਾ ਸੁਣਦੀ ਹੈ, ਬੋਲਦੀ ਹੈ। ਆਤਮਾ ਦਾ ਤਖ਼ਤ ਹੈ ਭ੍ਰਿਕੁਟੀ। ਤਾਂ ਬਾਪ ਆਤਮਾਵਾਂ ਨੂੰ ਦੇਖਦੇ ਹਨ। ਇਹ ਭਾਈ ਵੀ ਆਪਣੇ ਭਾਈਆਂ ਨੂੰ ਦੇਖਦੇ ਹਨ। ਤੁਹਾਨੂੰ ਵੀ ਭਾਈਆਂ ਨੂੰ ਦੇਖਣਾ ਹੈ। ਪਹਿਲਾਂ ਇਹ ਦ੍ਰਿਸ਼ਟੀ ਪੱਕੀ ਚਾਹੀਦੀ ਹੈ। ਫਿਰ ਕ੍ਰਿਮੀਨਲ ਖਿਆਲਾਤ ਬੰਦ ਹੋ ਜਾਣਗੇ। ਇਹ ਆਦਤ ਪੈ ਜਾਵੇਗੀ। ਆਤਮਾ ਹੀ ਸੁਣਦੀ ਹੈ, ਆਤਮਾ ਹੀ ਚੁਰਪੁਰ ਕਰਦੀ ਹੈ। ਇਹ ਦ੍ਰਿਸ਼ਟੀ ਪੱਕੀ ਹੋਣ ਨਾਲ ਹੋਰ ਸਭ ਖਿਆਲ ਉੱਡ ਜਾਣਗੇ। ਇਹ ਹੈ ਨੰਬਰਵਨ ਸਬਜੈਕਟ। ਇਸ ਵਿੱਚ ਦੈਵੀਗੁਣ ਵੀ ਆਟੋਮੇਟਿਕਲੀ ਧਾਰਨ ਹੁੰਦੇ ਰਹਿਣਗੇ। ਕਰਮਿੰਦ੍ਰਿਆਂ ਦੇਹ- ਅਭਿਮਾਨ ਵਿੱਚ ਆਉਣ ਨਾਲ ਹੀ ਚਲਾਏਮਾਨ ਹੁੰਦੀਆਂ ਹਨ। ਦੇਹੀ - ਅਭਿਮਾਨੀ ਬਣਨ ਦੀ ਬੜੀ ਕੋਸ਼ਿਸ਼ ਕਰੋ ਤਾਂ ਤੁਹਾਡੇ ਵਿੱਚ ਤਾਕਤ ਆ ਜਾਵੇਗੀ। ਸਰਵਸ਼ਕਤੀਮਾਨ ਬਾਪ ਦੀ ਤਾਕਤ ਨਾਲ ਹੀ ਆਤਮਾ ਸਤੋਪ੍ਰਧਾਨ ਬਣਦੀ ਹੈ। ਬਾਪ ਤਾਂ ਹੈ ਹੀ ਸਤੋਪ੍ਰਧਾਨ। ਤਾਂ ਪਹਿਲਾਂ-ਪਹਿਲਾਂ ਇਹ ਦ੍ਰਿਸ਼ਟੀ ਪੱਕੀ ਹੋਵੇ ਤਾਂ ਸਮਝਣ ਕਿ ਅਸੀਂ ਆਤਮ - ਅਭਿਮਾਨੀ ਹਾਂ। ਆਤਮ - ਅਭਿਮਾਨੀ ਅਤੇ ਦੇਹ - ਅਭਿਮਾਨੀ ਵਿੱਚ ਰਾਤ - ਦਿਨ ਦਾ ਫਰਕ ਹੈ। ਸਾਨੂੰ ਆਤਮਾਵਾਂ ਨੂੰ ਹੁਣ ਵਾਪਿਸ ਘਰ ਜਾਣਾ ਹੈ। ਆਤਮ ਅਭਿਮਾਨੀ ਬਣਨ ਦੇ ਨਾਲ ਹੀ ਅਸੀਂ ਪਵਿੱਤਰ ਸਤੋਪ੍ਰਧਾਨ ਬਣਾਂਗੇ। ਇਹ ਪ੍ਰੈਕਟਿਸ ਕਰਨ ਨਾਲ ਵਿਕਾਰੀ ਖਿਆਲਾਤ ਉੱਡ ਜਾਣਗੇ।

ਮਨੁੱਖ ਕਹਿੰਦੇ ਹਨ - ਧਰਤੀ ਦੇ ਸਿਤਾਰੇ। ਬਰੋਬਰ ਮੈਂ ਆਤਮਾ ਸਿਤਾਰਾ ਹਾਂ, ਇਹ ਸ਼ਰੀਰ ਮਿਲਿਆ ਹੈ ਕਰਮ ਕਰਨ ਦੇ ਲਈ। ਅਸੀਂ ਹੁਣ ਤਮੋਪ੍ਰਧਾਨ ਬਣੇ ਹਾਂ ਫਿਰ ਸਾਨੂੰ ਸਤੋਪ੍ਰਧਾਨ ਬਣਨਾ ਹੈ। ਬਾਪ ਦਾ ਆਉਣਾ ਵੀ ਪੁਰਸ਼ੋਤਮ ਸੰਗਮਯੁੱਗ ਤੇ ਹੀ ਹੈ। ਇਸ ਤਰ੍ਹਾਂ ਕਦੇ ਨਹੀਂ ਕਹਿਣਗੇ ਕਿ ਕ੍ਰਾਇਸਟ ਦੇ ਸ਼ਰੀਰ ਵਿੱਚ ਆਉਂਦੇ ਹਨ। ਉਹ ਰਜੋਪ੍ਰਧਾਨ ਵਿੱਚ ਹੀ ਆਉਂਦੇ ਹਨ। ਕੋਈ ਬੁੱਧ ਜਾ ਕ੍ਰਾਇਸਟ ਦੇ ਸ਼ਰੀਰ ਵਿੱਚ ਭਗਵਾਨ ਆਏ, ਇਵੇ ਤਾਂ ਹੋ ਨਹੀਂ ਸਕਦਾ। ਉਹ ਆਉਂਦੇ ਹੀ ਇਕ ਵਾਰ ਹਨ ਅਤੇ ਆ ਕੇ ਪੁਰਾਣੀ ਦੁਨੀਆਂ ਵਿੱਚ ਨਵੀ ਦੁਨੀਆਂ ਸਥਾਪਨ ਕਰਦੇ ਹਨ। ਤਮੋਪ੍ਰਧਾਨ ਦੁਨੀਆਂ ਨੂੰ ਸਤੋਪ੍ਰਧਾਨ ਦੁਨੀਆਂ ਬਣਾਉਣ ਦੇ ਲਈ। ਉਹ ਜਰੂਰ ਸੰਗਮ ਤੇ ਆਉਣਗੇ। ਹੋਰ ਕੋਈ ਸਮੇਂ ਤੇ ਉਹ ਆ ਨਹੀਂ ਸਕਦੇ। ਉਨ੍ਹਾਂ ਨੂੰ ਆਕੇ ਨਵੀ ਦੁਨੀਆਂ ਸਥਾਪਨ ਕਰਨੀ ਹੈ। ਉਨ੍ਹਾਂ ਨੂੰ ਕਿਹਾ ਜਾਂਦਾ ਹੈ ਹੇਵਿਨਲੀ ਗੌਡ ਫਾਦਰ। ਡਰਾਮਾ ਅਨੁਸਾਰ ਸੰਗਮ ਦਾ ਵੀ ਨਾਮ ਹੈ, ਸ਼੍ਰੀਕ੍ਰਿਸ਼ਨ ਨੂੰ ਬਾਪ ਜਾਂ ਪਤਿਤ ਪਾਵਨ ਨਹੀਂ ਕਹਾਂਗੇ। ਉਨ੍ਹਾਂ ਦੀ ਮਹਿਮਾ ਬਿਲਕੁੱਲ ਵੱਖ ਹੈ। ਬਾਬਾ ਸਮਝਾਉਂਦੇ ਰਹਿੰਦੇ ਹਨ ਪਹਿਲ-ਪਹਿਲਾਂ ਕਿਸੇ ਨੂੰ ਏਮ - ਆਬਜੈਕਟ ਸਮਝਾਓ। ਭਾਰਤ ਵਿੱਚ ਲਕਸ਼ਮੀ ਨਰਾਇਣ ਦਾ ਰਾਜ ਸੀ ਤਾਂ ਇਕ ਧਰਮ, ਇਕ ਰਾਜ ਸੀ। ਆਦਿ ਸਨਾਤਨ ਦੇਵੀ-ਦੇਵਤਾ ਧਰਮ ਸੀ। ਇੱਕ ਹੀ ਅਦਵੈਤ ਧਰਮ ਸੀ। ਹੈਵਿਨ ਸਥਾਪਨ ਕਰਨਾ ਤਾਂ ਇੱਕ ਬਾਪ ਦਾ ਕੰਮ ਹੈ। ਕਿਵੇਂ ਕਰਦੇ ਹਨ ਇਹ ਵੀ ਕਲੀਅਰ ਹੈ। ਸੰਗਮ ਤੇ ਆਕੇ ਬਾਪ ਸਮਝਾਉਂਦੇ ਹਨ ਕਿ ਦੇਹ ਦੇ ਸਭ ਧਰਮ ਛੱਡ ਕੇ ਆਪਣੇ ਨੂੰ ਆਤਮਾ ਸਮਝੋ। ਲਕਸ਼ਮੀ - ਨਰਾਇਣ ਦੇ ਚਿੱਤਰ ਤੇ ਹੀ ਸਭ ਦੱਸਣਾ ਹੈ। ਸ਼ਿਵਬਾਬਾ ਦਾ ਚਿੱਤਰ ਵੀ ਹੈ। ਮਹਿਮਾ ਵਾਲਾ ਚਿੱਤਰ ਬੜਾ ਵਧੀਆ ਬਣਿਆ ਹੋਇਆ ਹੈ। ਇਹ ਹੈ ਹੀ ਨਰ ਤੋਂ ਨਰਾਇਣ ਬਣਨ ਦੀ ਸੱਚੀਂ ਕਥਾ। ਰਾਧੇ - ਕ੍ਰਿਸ਼ਨ ਦੀ ਕਥਾ ਨਹੀਂ ਕਹਿੰਦੇ ਹਨ। ਸੱਤ ਨਰਾਇਣ ਦੀ ਕਥਾ ਹੈ। ਤੁਹਾਨੂੰ ਨਰ ਤੋਂ ਨਰਾਇਣ ਬਣਾਉਂਦੇ ਹਨ। ਪਹਿਲਾਂ ਤਾਂ ਛੋਟਾ ਬੱਚਾ ਹੋਏਗਾ। ਛੋਟੇ ਬੱਚੇ ਨੂੰ ਨਹੀਂ ਕਿਹਾ ਜਾਂਦਾ ਹੈ। ਨਰ - ਨਰਾਇਣ, ਨਾਰੀ - ਲਕਸ਼ਮੀ ਕਿਹਾ ਜਾਂਦਾ ਹੈ। ਤੁਹਾਨੂੰ ਬੱਚਿਆਂ ਨੂੰ ਇਸ ਚਿੱਤਰ ਤੇ ਹੀ ਸਮਝਾਉਣਾ ਹੈ। ਸੰਨਿਆਸੀ ਤਾਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਸਥਾਪਨ ਨਹੀਂ ਕਰ ਸਕਦੇ। ਸ਼ੰਕਰਾਚਾਰਿਆ ਤਾਂ ਆਉਂਦੇ ਹੀ ਹਨ ਰਜੋਪ੍ਰਧਾਨ ਸਮੇਂ ਤੇ ਹਨ। ਉਹ ਰਾਜਯੋਗ ਸਿਖਾ ਨਹੀਂ ਸਕਦੇ। ਬਾਪ ਆਉਂਦੇ ਹਨ ਸੰਗਮ ਤੇ। ਕਹਿੰਦੇ ਹਨ ਬਹੁਤ ਜਨਮਾਂ ਦੇ ਅੰਤ ਦੇ ਵੀ ਅੰਤ ਵਿੱਚ ਮੈਂ ਪ੍ਰਵੇਸ਼ ਕਰਦਾ ਹਾਂ। ਉੱਪਰ ਤ੍ਰਿਮੂਰਤੀ ਵੀ ਹੈ। ਬ੍ਰਹਮਾ ਯੋਗ ਵਿੱਚ ਬੈਠਾ ਹੈ, ਸ਼ੰਕਰ ਦੀ ਗੱਲ ਹੀ ਵੱਖਰੀ ਹੈ। ਬੈਲ ਤੇ ਸਵਾਰੀ ਹੋ ਨਹੀਂ ਸਕਦੀ। ਬਾਪ ਨੂੰ ਤਾਂ ਇਥੇ ਆ ਕੇ ਸਮਝਾਉਣਾ ਹੈ। ਵਿਨਾਸ਼ ਵੀ ਇੱਥੇ ਹੋਣਾ ਹੈ। ਲੋਕ ਕਹਿੰਦੇ ਹਨ ਵਿਸ਼ਵ ਵਿੱਚ ਸ਼ਾਂਤੀ ਹੋਵੇ। ਉਹ ਤਾਂ ਹੋਣ ਵਾਲੀ ਹੈ ਇਸ ਲਈ ਬੁੱਧੀ ਵਿੱਚ ਆਉਂਦਾ ਹੈ। ਚਿਤਰਾਂ ਤੇ ਤੁਸੀਂ ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਜੋ ਸ਼ਿਵ ਦੀ ਅਤੇ ਦੇਵਤਾਵਾਂ ਦੀ ਭਗਤੀ ਕਰਦੇ ਹਨ ਉਹਨਾਂ ਨੂੰ ਸਮਝਾਉਣਾ ਹੈ। ਉਹ ਝੱਟ ਮੰਨਣਗੇ। ਬਾਕੀ

ਨੇਚਰ ਅਤੇ ਸਾਈਂਸ ਆਦਿ ਨੂੰ ਮੰਨਣ ਵਾਲਿਆਂ ਦੀ ਬੁੱਧੀ ਵਿੱਚ ਨਹੀਂ ਬੈਠੇਗਾ। ਦੂਜੇ ਧਰਮ ਵਾਲਿਆਂ ਦੀ ਬੁੱਧੀ ਵਿੱਚ ਨਹੀਂ ਆਵੇਗਾ, ਜਿਹੜੇ ਕੰਨਵਰਟ ਹੋਏ ਹਨ ਉਹ ਨਿਕਲ ਆਉਣਗੇ। ਉਨ੍ਹਾਂ ਦੀ ਕੀ ਫਿਕਰ ਕਰਨੀ ਹੈ। ਦੇਵਤਾ ਧਰਮ ਵਾਲੇ ਜਾਂ ਬਹੁਤ ਭਗਤੀ ਕਰਨ ਵਾਲੇ ਆਪਣੇ ਧਰਮ ਵਿੱਚ ਬੜੇ ਪੱਕੇ ਹੋਣਗੇ। ਤਾਂ ਦੇਵਤਾਵਾਂ ਦੇ ਪੁਜਾਰੀਆਂ ਨੂੰ ਸਮਝਾਓ, ਵੱਡੇ ਆਦਮੀ ਕਦੇ ਨਹੀਂ ਆਉਣਗੇ। ਸਮਝੋ ਬਿਰਲਾ ਹੈ, ਇੰਨੇ ਮੰਦਿਰ ਬਣਾਉਂਦੇ ਹਨ, ਉਨ੍ਹਾਂ ਦੇ ਕੋਲ ਗਿਆਨ ਸੁਣਨ ਦੀ ਫੁਰਸਤ ਕਿੱਥੇ ਹੈ। ਸਾਰਾ ਦਿਨ ਬੁੱਧੀ ਧੰਧੇ ਵਿੱਚ ਲੱਗੀ ਰਹਿੰਦੀ ਹੈ। ਪੈਸੇ ਬੜੇ ਮਿਲਦੇ ਹਨ ਤਾਂ ਸਮਝਦੇ ਹਨ ਮੰਦਿਰ ਬਨਾਉਣ ਨਾਲ ਬੜਾ ਧਨ ਮਿਲਦਾ ਹੈ। ਇਹ ਦੇਵਤਾਵਾਂ ਦੀ ਕ੍ਰਿਪਾ ਹੈ।

ਤੁਹਾਡੇ ਕੋਲ ਆਵੇ ਤਾਂ ਉਹਨਾਂ ਨੂੰ ਲਕਸ਼ਮੀ-ਨਰਾਇਣ ਦਾ ਚਿੱਤਰ ਦਿਖਾਓ। ਬੋਲੋ, ਜੇਕਰ ਤੁਸੀਂ ਵਿਸ਼ਵ ਵਿੱਚ ਸ਼ਾਂਤੀ ਚਾਹੁੰਦੇ ਹੋ ਤਾਂ ਵਿਸ਼ਵ ਵਿੱਚ ਸ਼ਾਂਤੀ ਦਾ ਰਾਜ ਇਸ ਦੁਨੀਆਂ ਵਿੱਚ ਸੀ। ਫਲਾਣੀ ਤਾਰੀਖ਼ ਤੋਂ ਫਲਾਣੀ ਤਾਰੀਖ਼ ਤੱਕ ਸੂਰਜਵੰਸ਼ੀ ਰਾਜਧਾਨੀ ਵਿੱਚ ਬੜੀ ਸ਼ਾਂਤੀ ਸੀ ਫਿਰ ਦੋ ਕਲਾ ਘੱਟ ਹੋ ਜਾਂਦੀ ਹੈ। ਇਸ ਚਿਤੱਰ ਤੇ ਹੀ ਸਾਰਾ ਮਦਾਰ ਹੈ। ਹੁਣ ਤੁਸੀਂ ਵਿਸ਼ਵ ਵਿੱਚ ਸ਼ਾਂਤੀ ਚਾਹੁੰਦੇ ਹੋ। ਕਿੱਥੇ ਚੱਲੋਗੇ? ਘਰ ਨੂੰ ਤਾਂ ਜਾਣਦੇ ਨਹੀਂ ਹਨ। ਅਸੀਂ ਆਤਮਾਵਾਂ ਸ਼ਾਂਤ ਸਵਰੂਪ ਹਾਂ। ਮੂਲ ਵਤਨ ਵਿੱਚ ਰਹਿੰਦੇ ਹਾਂ, ਓਹ ਹੀ ਸ਼ਾਂਤੀਧਾਮ ਹੈ। ਉਹ ਇਸ ਦੁਨੀਆਂ ਵਿੱਚ ਨਹੀਂ ਹੈ। ਉਸ ਨੂੰ ਕਿਹਾ ਜਾਂਦਾ ਹੈ ਨਿਰਾਕਾਰੀ ਦੁਨੀਆਂ। ਬਾਕੀ ਵਿਸ਼ਵ ਇਸਨੂੰ ਹੀ ਕਿਹਾ ਜਾਂਦਾ ਹੈ। ਵਿਸ਼ਵ ਵਿੱਚ ਸ਼ਾਂਤੀ ਨਵੀ ਦੁਨੀਆਂ ਵਿੱਚ ਹੋਵੇਗੀ। ਵਿਸ਼ਵ ਦੇ ਮਾਲਿਕ ਇਥੇ ਬੈਠੇ ਹਨ। ਗਰੀਬ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਕੋਈ ਕਹਿੰਦੇ ਹਨ ਇਹ ਰਸਤਾ ਬੜਾ ਵਧੀਆ ਹੈ। ਅਸੀਂ ਰਸਤਾ ਲੱਭਦੇ ਸੀ। ਰਸਤੇ ਦਾ ਪਤਾ ਨਹੀਂ ਸੀ ਲੱਭਦੇ ਕਿਥੋਂ? ਇਵੇ ਦਾ ਕੋਈ ਨਹੀਂ ਜਿਸਨੂੰ ਬਾਪ ਅਤੇ ਜੀਵਨਮੁਕਤੀ ਦੇ ਰਸਤੇ ਦਾ ਪਤਾ ਹੋਵੇ। ਸ਼ਾਂਤੀ - ਸ਼ਾਂਤੀ... ਕਹਿੰਦੇ ਰਹਿੰਦੇ ਹਨ ਪਰ ਸ਼ਾਂਤੀ ਕਦੋ ਸੀ, ਕਿਵੇਂ ਹੋਈ, ਕਿਸੇ ਨੂੰ ਪਤਾ ਨਹੀਂ ਹੈ। ਕਿੰਨੀਆਂ ਕਾਨਫਰੇਂਸ ਕਰਦੇ ਰਹਿੰਦੇ ਹਨ। ਉਹਨਾਂ ਨੂੰ ਪੁੱਛਣਾ ਚਾਹੀਦਾ ਹੈ ਕੀ ਤੁਸੀਂ ਕਦੇ ਵਿਸ਼ਵ ਵਿੱਚ ਸ਼ਾਂਤੀ ਦੇਖੀ ਹੈ ਕਿ ਵਿਸ਼ਵ ਵਿੱਚ ਸ਼ਾਂਤੀ ਕਿਵੇਂ ਹੁੰਦੀ ਹੈ? ਤੁਸੀਂ ਪ੍ਰਜਾ ਆਪਸ ਵਿੱਚ ਕਿਉਂ ਮੂੰਝਦੇ ਹੋ! ਕਾਨਫਰੇਂਸ ਕਰਦੇ ਰਹਿੰਦੇ ਪਰ ਜਵਾਬ ਕਿਤੋਂ ਵੀ ਮਿਲਦਾ ਨਹੀਂ ਹੈ। ਵਿਸ਼ਵ ਵਿੱਚ ਸ਼ਾਂਤੀ ਹੁਣ ਬਾਪ ਦੁਆਰਾ ਸਥਾਪਨ ਹੋ ਰਹੀ ਹੈ। ਤੁਸੀਂ ਕਹਿੰਦੇ ਹੋ ਕ੍ਰਾਇਸਟ ਤੋਂ 3 ਹਜਾਰ ਸਾਲ ਪਹਿਲਾਂ ਹੈਵਿਨ ਸੀ ਤੇ ਓਥੇ ਹੀ ਸ਼ਾਂਤੀ ਸੀ। ਜੇਕਰ ਓਥੇ ਵੀ ਅਸ਼ਾਂਤੀ ਹੋਵੇ ਤਾਂ ਬਾਕੀ ਸ਼ਾਂਤੀ ਕਿਥੋਂ ਮਿਲੇਗੀ। ਚੰਗੀ ਤਰ੍ਹਾਂ ਨਾਲ ਸਮਝਾਉਣਾ ਹੈ। ਇਸ ਸਮੇਂ ਤਾਂ ਤੁਹਾਨੂੰ ਇਨੀਆ ਗੱਲਾਂ ਕਰਨ ਨਹੀਂ ਦਿੰਦੇ ਕਿਉਂਕਿ ਅਜੇ ਉਨ੍ਹਾਂ ਦੇ ਸੁਣਨ ਦਾ ਸਮਾਂ ਨਹੀਂ ਹੈ। ਸੁਣਨ ਦਾ ਵੀ ਸੋਭਾਗ ਚਾਹੀਦਾ ਹੈ। ਤੁਸੀਂ ਪਦਮਾਪਦਮ ਭਾਗਸ਼ਾਲੀ ਬੱਚੇ ਹੀ ਬਾਪ ਤੋਂ ਸੁਣਨ ਦੇ ਹੱਕਦਾਰ ਬਣਦੇ ਹੋ। ਬਾਪ ਬਗੈਰ ਹੋਰ ਕੋਈ ਸੁਣਾ ਨਹੀਂ ਸਕਦਾ। ਬਾਪ ਤੁਹਾਨੂੰ ਬੱਚਿਆਂ ਨੂੰ ਸੁਣਾਉਂਦੇ ਹਨ। ਇਹ ਹੈ ਹੀ ਰਾਵਣ ਰਾਜ ਤਾਂ ਸ਼ਾਂਤੀ ਕਿਵੇਂ ਹੋ ਸਕਦੀ ਹੈ। ਰਾਵਣ ਰਾਜ ਵਿੱਚ ਸਾਰੇ ਪਤਿਤ ਹਨ। ਪੁਕਾਰਦੇ ਹਨ ਕਿ ਸਾਨੂੰ ਪਾਵਨ ਬਣਾਓ। ਪਾਵਨ ਦੁਨੀਆਂ ਤਾਂ ਇਨ੍ਹਾਂ ਲਕਸ਼ਮੀ- ਨਰਾਇਣ ਦੀ ਸੀ। ਰਾਮਰਾਜ ਅਤੇ ਰਾਵਣ ਰਾਜ ਵਿੱਚ ਕਿੰਨਾ ਫਰਕ ਹੈ। ਸੂਰਜਵੰਸ਼ੀ, ਚੰਦਰਵੰਸ਼ੀ ਫਿਰ ਹੁੰਦੇ ਹਨ ਰਾਵਣ ਵੰਸ਼ੀ। ਇਸ ਸਮੇਂ ਤੇ ਹੈ ਕਲਯੁੱਗ, ਰਾਵਣ ਸੰਪਰਦਾਏ। ਵੱਡੇ-ਵੱਡੇ ਲੋਕ ਵੀ ਆਪਸ ਵਿੱਚ ਇਕ ਦੂਸਰੇ ਨਾਲ ਗੁਰ੍ਰ-ਗੁਰ੍ਰ ਕਰਦੇ ਹਨ। ਬੜਾ ਹੰਕਾਰ ਹੈ ਕੀ ਮੈਂ ਫਲਾਣਾ ਹਾਂ। ਤਾਂ ਇਸ ਲਕਸ਼ਮੀ - ਨਰਾਇਣ ਦੇ ਚਿਤੱਰ ਤੇ ਸਮਝਾਉਣਾ ਬੜਾ ਸੌਖਾ ਹੈ। ਬੋਲੋ ਇਨ੍ਹਾਂ ਦੇ ਰਾਜ ਵਿੱਚ ਵਿਸ਼ਵ ਵਿੱਚ ਸ਼ਾਂਤੀ ਸੀ, ਕੋਈ ਹੋਰ ਧਰਮ ਨਹੀਂ ਸੀ। ਵਿਸ਼ਵ ਵਿੱਚ ਸ਼ਾਂਤੀ ਤਾਂ ਇੱਥੇ ਹੀ ਹੁੰਦੀ ਹੈ। ਤਾਂ ਮੁੱਖ ਇਹ ਚਿੱਤਰ ਹੈ। ਬਾਕੀ ਢੇਰ ਚਿਤਰਾਂ ਤੇ ਸਮਝਾਉਣ ਨਾਲ ਮਨੁੱਖਾਂ ਦੇ ਖ਼ਿਆਲਾਤ ਹੋਰ ਤਰਫ਼ ਚਲੇ ਜਾਂਦੇ ਹਨ। ਜੋ ਸਮਝਿਆ ਹੈ ਉਹ ਵੀ ਭੁੱਲ ਜਾਂਦਾ ਹੈ। ਇਸ ਲਈ ਕਿਹਾ ਜਾਂਦਾ ਹੈ ਟੂ ਮੈਨੀ ਕੁੱਕਸ... ਬਹੁਤ ਚਿੱਤਰ ਹੁੰਦੇ ਹਨ ਅਤੇ ਹੰਸੀਕੁੱਡੀ ਦੇ ਮਾਡਲ ਜਾਂ ਡਾਇਲਾਗ ਆਦਿ ਹੁੰਦੇ ਹਨ ਤਾਂ ਮੂਲ ਗੱਲ ਬੁੱਧੀ ਤੋਂ ਨਿਕਲ ਜਾਂਦੀ ਹੈ। ਕੋਈ ਵਿਰਲਾ ਸਮਝ ਪਾਉਂਦੇ ਹਨ ਕਿ ਬਾਪ ਇਹ ਸਥਾਪਨਾ ਕਰ ਰਹੇ ਹਨ। 84 ਜਨਮ ਵੀ ਇਸ ਦੇ ਲਈ ਹੀ ਹੈ। ਦਿਖਾਉਣਗੇ ਜਰੂਰ ਇੱਕ ਬਾਰੇ। ਸਾਰਿਆਂ ਨੂੰ ਕਿਵੇਂ ਰੱਖਣਗੇ। ਸ਼ਾਸਤਰਾਂ ਵਿੱਚ ਵੀ ਇੱਕ ਅਰਜਨ ਦਾ ਨਾਮ ਰੱਖਿਆ ਹੈ ਨਾ। ਸਕੂਲ ਵਿੱਚ ਮਾਸਟਰ ਇੱਕ ਨੂੰ ਥੋੜੀ ਪੜ੍ਹਾਉਣਗੇ। ਇਹ ਵੀ ਸਕੂਲ ਹੈ।

ਇਹ ਤੁਹਾਡੇ ਬੈਜ ਵੀ ਬੜੇ ਕਮਾਲ ਕਰ ਸਕਦੇ ਹਨ। ਇਹ ਸਭ ਤੋਂ ਵਧੀਆ ਹੈ। ਪਹਿਲਾਂ ਸ਼ਿਵਬਾਬਾ ਦੇ ਚਿਤੱਰ ਦੇ ਸਾਮਣੇ ਲੈ ਆਉਣਾ ਚਾਹੀਦਾ ਹੈ। ਫਿਰ ਲਕਸ਼ਮੀ -ਨਰਾਇਣ ਦੇ ਚਿੱਤਰ ਦੇ ਅੱਗੇ। ਤੁਸੀਂ ਸ਼ਾਂਤੀ ਮੰਗਦੇ ਹੋ ਉਹ ਕਲਪ, ਕਲਪ ਬਾਪ ਦਵਾਰਾ ਹੀ ਸਥਾਪਨ ਹੁੰਦੀ ਹੈ। ਤੁਸੀਂ ਇਸ ਚੱਕਰ ਨੂੰ ਜਾਣ ਗਏ ਹੋ। ਪਹਿਲੇ ਤੁਸੀਂ ਵੀ ਤੁੱਛ ਬੁੱਧੀ ਸੀ। ਹੁਣ ਬਾਪ ਸਵੱਛ ਬੁੱਧੀ ਬਨਾਉਂਦੇ ਹਨ। ਲਿਖਣਾ ਚਾਹੀਦਾ ਹੈ ਸਿਵਾਏ ਪਰਮਪਿਤਾ ਪਰਮਾਤਮਾ ਦੇ ਕੋਈ ਵੀ ਕਿਸੇ ਦੀ ਸਦਗਤੀ ਕਰ ਨਹੀਂ ਸਕਦਾ। ਵਿਸ਼ਵ ਵਿੱਚ ਸ਼ਾਂਤੀ ਕਰ ਨਹੀਂ ਸਕਦੇ। ਬਾਪ ਹੀ ਸਭ ਕੁਝ ਕਰ ਰਹੇ ਹਨ। ਯਾਦ ਵੀ ਉਨ੍ਹਾਂ ਨੂੰ ਕਰਦੇ ਹਨ। ਮੁੱਖ ਚਿੱਤਰ ਹੀ ਇਹ ਦੋਵੇ ਹਨ। ਇਸ ਵਿੱਚ ਹਿੱਲਣਾ ਨਹੀ ਚਾਹੀਦਾ, ਜਦੋ ਤੱਕ ਪੂਰਾ ਨਾ ਸਮਝਣ। ਇਹ ਨਹੀਂ ਸਮਝਿਆ ਤਾਂ ਕੁਝ ਨਹੀਂ ਸਮਝਿਆ। ਟਾਈਮ ਵੇਸਟ ਹੋ ਜਾਂਦਾ ਹੈ। ਦੇਖੋ ਬੁੱਧੀ ਵਿੱਚ ਨਹੀਂ ਬੈਠਦਾ ਤਾਂ ਅੱਗੇ ਭੇਜ ਦੇਵੋ। ਇਸ ਵਿੱਚ ਸਮਝਾਉਣ ਵਾਲੇ ਬੜੇ ਵਧੀਆ ਚਾਹੀਦੇ ਹਨ। ਜੇਕਰ ਮਾਤਾ ਹੋਵੇ ਤਾਂ ਬੜਾ ਵਧੀਆ ਹੈ ਕਿਉਂਕਿ ਕੋਈ ਨਾਰਾਜ਼ ਨਹੀਂ ਹੋਵੇਗਾ। ਇਹ ਤਾਂ ਸਭ ਜਾਣਦੇ ਹਨ ਕਿ ਕੌਣ-ਕੌਣ ਸਮਝਾਉਣ ਵਿੱਚ ਤਿੱਖੇ ਹਨ। ਮੋਹਿਨੀ ਹੈ, ਮਨੋਹਰ ਹੈ, ਗੀਤਾ ਹੈ-- ਬੜੇ ਚੰਗੇ-ਚੰਗੇ ਬੱਚੇ ਹਨ। ਤਾਂ ਪਹਿਲਾਂ ਲਕਸ਼ਮੀ ਨਰਾਇਣ ਦੇ ਚਿਤੱਰ ਤੇ ਪੱਕਾ ਕਰਾਉਣਾ ਚਾਹੀਦਾ ਹੈ। ਬੋਲੋ ਉਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝੋ ਤਾਂ ਹੀ ਸ਼ਾਂਤੀ ਦੀ ਦੁਨੀਆਂ ਵਿੱਚ ਜਾਂ ਸਕਦੇ ਹੋ। ਮੁਕਤੀ-ਜੀਵਨਮੁੱਕਤੀ ਦੋਵੇ ਮਿਲ ਜਾਣਗੀਆਂ। ਮੁੱਕਤੀ ਵਿੱਚ ਤਾਂ ਸਭ ਜਾਣਗੇ ਫਿਰ ਆਉਣਗੇ ਨੰਬਰਵਾਰ ਪਾਰਟ ਵਜਾਉਣ ਦੇ ਲਈ। ਸਮਝਾਉਣਾ ਵੀ ਭੱਭਕੇ ਦੇ ਨਾਲ ਹੈ। ਨੰਬਰਵਨ ਇਹ ਚਿੱਤਰ ਹੈ। ਵਿਸ਼ਵ ਵਿੱਚ ਸ਼ਾਂਤੀ ਦੇ ਮਾਲਿਕ ਇਹ ਸਨ। ਇਹ ਗੱਲਾਂ ਸਮਝਦਾਰ ਦੀ ਬੁੱਧੀ ਵਿੱਚ ਬੈਠਦੀਆਂ ਹਨ। ਭਾਵੇਂ ਚੰਗਾ-ਚੰਗਾ ਕਹਿੰਦੇ ਹਨ, ਪੈਰਾਂ ਵਿੱਚ ਡਿੱਗਦੇ ਹਨ। ਪਰ ਬਾਬਾ ਨੂੰ ਥੋੜੀ ਜਾਣਦੇ ਹਨ। ਉਹਨਾਂ ਨੂੰ ਵੀ ਮਾਇਆ ਛੱਡਦੀ ਨਹੀਂ ਹੈ। ਬਾਪ

ਜੋ ਇਤਨਾ ਉੱਚਾ ਬਣਾਉਂਦੇ ਹਨ ਉਨ੍ਹਾਂ ਨੂੰ ਕਿੰਨਾ ਯਾਦ ਕਰਨਾ ਚਾਹੀਦਾ ਹੈ। ਇਸਲਈ ਬਾਪ ਕਹਿੰਦੇ ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਕੱਟੇ ਜਾਣਗੇ। ਸਤੋਪ੍ਰਧਾਨ ਬਣ ਜਾਓਗੇ। ਅੰਦਰ ਆਉਣ ਦੇ ਨਾਲ ਖੁਸ਼ੀ ਵਿੱਚ ਲੂਕੰਡੇ ਖੜੇ ਹੋਣੇ ਚਾਹੀਦੇ ਹਨ। ਮੈਂ ਇਹ ਬਣਦਾ ਹਾਂ। ਮੈਂ ਅੰਦਰ ਆਉਂਦਾ ਹਾਂ(ਹਿਸਟ੍ਰੀ ਹਾਲ ਵਿਚ ) ਤਾਂ ਲਕਸ਼ਮੀ -ਨਰਾਇਣ ਨੂੰ ਦੇਖਦਾ ਹਾਂ( ਸਾਮ੍ਹਣੇ ਲਕਸ਼ਮੀ - ਨਰਾਇਣ ਦੀ ਟਰਾਂਸਲਾਇਟ ਰੱਖੀ ਹੈ) ਤਾਂ ਇਨ੍ਹਾਂ ਨੂੰ ਵੇਖ ਕੇ ਬੜਾ ਖੁਸ਼ ਹੁੰਦਾ ਹਾਂ। ਓਹੋ! ਬਾਬਾ ਸਾਨੂੰ ਇਹ ਬਣਾਉਂਦੇ ਹਨ! ਵਾਹ ਬਾਬਾ ਵਾਹ! ਲੌਕਿਕ ਘਰ ਵਿੱਚ ਕਿਸੇ ਦਾ ਬਾਪ ਵੱਡੇ ਮਰਤਬੇ ਤੇ ਹੋਵੇ ਤਾਂ ਬੱਚਿਆਂ ਨੂੰ ਖੁਸ਼ੀ ਹੁੰਦੀ ਹੈ ਕਿ ਮੇਰਾ ਬਾਪ ਵਜੀਰ ਹੈ। ਤੁਹਾਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ, ਕਿ ਬਾਪ ਸਾਨੂੰ ਇਹ ਬਣਾਉਂਦੇ ਹਨ। ਪ੍ਰੰਤੂ ਮਾਇਆ ਭੁੱਲਾ ਦਿੰਦੀ ਹੈ, ਬੜਾ ਸਾਮਣਾ ਕਰਦੀ ਹੈ। ਤੁਹਾਨੂੰ ਬੱਚਿਆਂ ਨੂੰ ਬੜੀ ਖੁਸ਼ੀ ਹੋਣੀ ਚਾਹੀਦੀ ਹੈ, ਦੈਵੀਗੁਣ ਵੀ ਧਾਰਨ ਕਰਨੇ ਚਾਹੀਦੇ ਹਨ। ਆਤਮ -ਅਭਿਮਾਨੀ ਭਵ। ਭਾਈ-ਭਾਈ ਨੂੰ ਦੇਖੋ, ਤਾਂ ਇਸਤਰੀ ਨੂੰ ਵੀ ਆਤਮਾ ਦੇ ਰੂਪ ਵਿੱਚ ਹੀ ਦੇਖਣਗੇ। ਕਰੀਮੀਨਲ ਆਈ (ਅੱਖ) ਨਹੀਂ ਹੋਵੇਗੀ। ਮਨਸਾ ਤੂਫ਼ਾਨ ਉਦੋਂ ਆਉਂਦੇ ਹਨ ਜਦੋਂ ਤੁਸੀਂ ਭਾਈ-ਭਾਈ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਦੇ ਹੋ, ਇਸ ਵਿੱਚ ਬੜੀ ਮਿਹਨਤ ਹੈ। ਪ੍ਰੈਕਟਿਸ ਚੰਗੀ ਚਾਹੀਦੀ। ਆਤਮ - ਅਭਿਮਾਨੀ ਬਣਨਾ ਹੈ। ਕਰਮਾਤੀਤ ਅਵਸਥਾ ਤਾਂ ਅੰਤ ਵਿੱਚ ਹੋਵੇਗੀ। ਸਰਵਿਸ ਕਰਨ ਵਾਲੇ ਬੱਚੇ ਬਾਪ ਦੇ ਦਿਲ ਤੇ ਚੜ੍ਹ ਸਕਦੇ ਹਨ। ਭਾਵੇਂ ਦੇਰੀ ਨਾਲ ਆਉਂਦੇ ਹਨ, ਉਹ ਵੀ ਗੈਲਪ ਕਰ ਸਕਦੇ ਹਨ। ਤਿੱਖੇ ਜਾ ਸਕਦੇ ਹਨ। ਤੁਸੀਂ ਬੱਚਿਆਂ ਨੇ ਪਹਿਲੇ ਦੀ ਹਿਸਟਰੀ ਤਾਂ ਸੁਣੀ ਹੈ ਕਿ ਇਹਨਾਂ ਨੇ ਘਰ ਬਾਰ ਕਿਵੇਂ ਛੱਡਿਆ। ਰਾਤ- ਰਾਤ ਨੂੰ ਭੱਜੇ। ਫਿਰ ਇੰਨੇ ਬੱਚਿਆਂ ਨੂੰ ਪਾਲਿਆ। ਇਸਨੂੰ ਕਿਹਾ ਜਾਂਦਾ ਹੈ ਭੱਠੀ। ਫਿਰ ਭੱਠੀ ਤੋਂ ਨੰਬਰਵਾਰ ਨਿਕਲੇ। ਇਹ ਤਾਂ ਵੰਡਰ ਹੈ, ਜੋ ਬਾਬਾ ਤੁਹਾਨੂੰ ਵੰਡਰਫੁੱਲ ਸਵਰਗ ਦਾ ਮਾਲਿਕ ਬਣਾਉਂਦੇ ਹਨ। ਗੋਡ ਫਾਦਰ ਤੁਹਾਨੂੰ ਪੜਾਉਂਦੇ ਹਨ। ਕਿੰਨਾ ਸਾਧਾਰਨ ਹੈ, ਕਿੰਨਾ ਰੋਜ਼-ਰੋਜ਼ ਬੱਚਿਆਂ ਨੂੰ ਸਮਝਾਉਂਦੇ ਰਹਿੰਦੇ ਹਨ ਅਤੇ ਬੱਚਿਆਂ ਨੂੰ ਕਹਿੰਦੇ ਹਨ ਨਮਸਤੇ। ਬੱਚੇ ਤੁਸੀਂ ਮੇਰੇ ਤੋਂ ਵੀ ਉੱਚੇ ਜਾਂਦੇ ਹੋ। ਤੁਸੀਂ ਹੀ ਕੰਗਾਲ ਤੋਂ ਡਬਲ ਸਿਰਤਾਜ ਵਿਸ਼ਵ ਦੇ ਮਾਲਿਕ ਬਣਦੇ ਹੋ, ਤਾਂ ਬਾਪ ਬੜੀ ਰੁੱਚੀ ਨਾਲ ਆਉਂਦੇ ਹਨ। ਅਣਗਿਣਤ ਵਾਰ ਆਏ ਹੋਣਗੇ। ਅੱਜ ਤੁਸੀਂ ਮੇਰੇ ਤੋਂ ਰਾਮ ਤੋਂ ਰਾਜ ਲੈਂਦੇ ਹੋ ਫਿਰ ਰਾਵਣ ਤੋਂ ਤੁਸੀਂ ਰਾਜ ਹਾਰਦੇ ਹੋ, ਇਹ ਖੇਲ ਹੈ। ਅੱਛਾ।

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ -ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਤਮਾ ਨੂੰ ਸਤੋਪ੍ਰਧਾਨ ਬਣਾਉਣ ਦੇ ਲਈ ਇਕ ਸਰਵ ਸ਼ਕਤੀਮਾਨ ਬਾਪ ਤੋਂ ਤਾਕਤ ਲੈਣੀ ਹੈ। ਦੇਹੀ -ਅਭਿਮਾਨੀ ਬਣਨ ਦਾ ਪੁਰਸ਼ਾਰਥ ਕਰੋ। ਅਸੀਂ ਆਤਮਾ ਭਾਈ-ਭਾਈ ਹਾਂ, ਇਹ ਪ੍ਰੈਕਟਿਸ ਲਗਾਤਾਰ ਕਰਦੇ ਰਹੋ।

2. ਬਾਪ ਅਤੇ ਆਪਣੇ ਲਕਸ਼ (ਲਕਸ਼ਮੀ - ਨਰਾਇਣ) ਦੇ ਚਿਤੱਰ ਤੇ ਹਰੇਕ ਨੂੰ ਵਿਸਤਾਰ ਨਾਲ ਸਮਝਾਓ। ਬਾਕੀ ਗੱਲਾਂ ਵਿੱਚ ਟਾਈਮ ਵੇਸਟ ਨਾ ਕਰੋ।

ਵਰਦਾਨ:- ਧਰਨੀ, ਨਬਜ਼ ਅਤੇ ਸਮੇਂ ਨੂੰ ਵੇਖ ਸਤ ਗਿਆਨ ਨੂੰ ਪ੍ਰਤੱਖ ਕਰਨ ਵਾਲੇ ਨਾਲੇਜਫੁੱਲ ਭਵ

ਬਾਪ ਦਾ ਇਹ ਨਵਾਂ ਗਿਆਨ, ਸੱਤ ਗਿਆਨ ਹੈ, ਇਸ ਨਵੇਂ ਗਿਆਨ ਨਾਲ ਹੀ ਨਵੀਂ ਦੁਨੀਆ ਸਥਾਪਨ ਹੁੰਦੀ ਹੈ, ਇਹ ਅਥਾਰਟੀ ਅਤੇ ਨਸ਼ਾ ਸਵਰੂਪ ਵਿੱਚ ਇਮਰ੍ਜ ਹੋਵੇ ਲੇਕਿਨ ਇਸ ਦਾ ਅਰਥ ਇਹ ਨਹੀਂ ਕਿ ਆਉਂਦੇ ਹੀ ਕਿਸੇ ਨੂੰ ਨਵੇਂ ਗਿਆਨ ਦੀਆਂ ਨਵੀਆਂ ਗੱਲਾਂ ਸੁਣਕੇ ਮੂੰਝਾ ਦਵੋ। ਧਰਨੀ, ਨਬਜ ਅਤੇ ਸਮੇਂ ਸਭ ਵੇਖ ਕੇ ਗਿਆਨ ਦੇਣਾ - ਇਹ ਨਾਲ਼ੇਜਫੁੱਲ ਦੀ ਨਿਸ਼ਾਨੀ ਹੈ। ਆਤਮਾ ਦੀ ਇੱਛਾ ਵੇਖੋ, ਨਬਜ਼ ਵੇਖੋ, ਧਰਨੀ ਬਣਾਓ ਲੇਕਿਨ ਅੰਦਰ ਸਤਿਅਤਾ ਦੇ ਨਿਰਭੇਤਾ ਦੀ ਸ਼ਕਤੀ ਜਰੂਰ ਹੋਵੇ, ਤਾਂ ਸਤ ਗਿਆਨ ਨੂੰ ਪ੍ਰਤੱਖ ਕਰ ਸਕੋਗੇ।

ਸਲੋਗਨ:- ਮੇਰਾ ਕਹਿਣਾ ਮਾਨਾ ਛੋਟੀ ਗੱਲ ਨੂੰ ਵੱਡੀ ਬਨਾਉਣਾ, ਤੇਰਾ ਕਹਿਣਾ ਮਾਨਾ ਪਹਾੜ ਜਿਹੀ ਗੱਲ ਨੂੰ ਰੂਈ ਬਣਾ ਦੇਣਾ।

******

ਅਵਿਅਕਤੀ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਜਿੰਮੇਵਾਰੀ ਨੂੰ ਨਿਭਾਉਣਾ ਇਹ ਵੀ ਜ਼ਰੂਰੀ ਹੈ ਲੇਕਿਨ ਜਿੰਨੀ ਵੱਡੀ ਜਿੰਮੇਵਾਰੀ ਉਤਨਾ ਵੀ ਡਬਲ ਲਾਈਟ। ਜਿੰਮੇਵਾਰੀ ਨਿਭਾਉਂਦੇ ਹੋਏ ਜਿੰਮੇਵਾਰੀ ਦੇ ਬੋਝ ਤੋਂ ਨਿਆਰੇ ਰਹੋ, ਇਸ ਨੂੰ ਕਹਿੰਦੇ ਹਨ ਬਾਪ ਦਾ ਪਿਆਰਾ। ਘਬਰਾਓ ਨਹੀਂ ਕੀ ਕਰਾਂ, ਬਹੁਤ ਜਿੰਮੇਵਾਰੀ ਹੈ। ਇਹ ਕਰਾਂ ਜਾਂ ਨਹੀਂ ਇਹ ਤਾਂ ਬੜਾ ਮੁਸ਼ਕਿਲ ਹੈ। ਇਹ ਮਹਿਸੂਸਤਾ ਮਤਲਬ ਬੋਝ ਹੈ। ਡਬਲ ਲਾਈਟ ਮਤਲਬ ਇਸ ਤੋਂ ਵੀ ਨਿਆਰਾ। ਕਿਸੇ ਵੀ ਜਿੰਮੇਵਾਰੀ ਦੇ ਕਰਮ ਦੀ ਹਲਚਲ ਦਾ ਬੋਝ ਨਾ ਹੋਵੇ।